# Best wishes to all my student friends

by Narendra Modi 4. March 2010 01:00

ਦੋਸਤੋ,

ਮਾਰਚ ਆ ਗਿਆ ਅਤੇ ਇਹ ਇਮਤਿਹਾਨਾਂ ਦਾ ਮੌਸਮ ਹੈ। ਬੋਰਡ ਦੇ ਇਮਤਿਹਾਨ ਸ਼ੁਰੂ ਹੋ ਗਏ ਹਨ ; ਅਤੇ ਇਹ ਸਭ ਵਿਦਿਆਰਥੀਆਂ ਅਤੇ ਨਾਲ ਹੀ ਉਨ੍ਹਾਂ ਦੇ ਮਾਪਿਆਂ ਲਈ ਇੱਕ ਵੱਡਾ ਦਿਨ ਹੈ।

ਮੇਰੇ ਸਾਥੀ ਦੋਸਤ, ਅਤੇ ਦੇਸ਼ ਦਾ ਭਵਿੱਖ, ਜੋ ਜਮਾਤ ੧੦ ਅਤੇ ੧੨ ਦੇ ਇਮਤਿਹਾਨ ਵਿੱਚ ਬੈਠਣ ਜਾ ਰਹੇ ਹਨ, ਮੈਂ ਉਨ੍ਹਾਂ ਲਈ ਉਨ੍ਹਾਂ ਦੇ ਉੱਦਮ ਵਿੱਚ ਮਹਾਨ ਸਫ਼ਲਤਾ ਦੀ ਕਾਮਨਾ ਕਰਦਾ ਹਾਂ।

ਹਰ ਪ੍ਰਾਪਤੀ ਮਿਹਨਤ, ਪੱਕੇ ਇਰਾਦੇ ਅਤੇ ਲਗਨ ਵਿੱਚ ਮਜ਼ਬੂਤੀ ਨਾਲ ਸਥਾਪਤ ਹੈ।ਉੱਤਮ ਸਿੱਖਿਆ ਜੀਵਨ ਦੀ ਯਾਤਰਾ ਰਾਹੀਂ ਪਰਖੀ ਜਾਂਦੀ ਹੈ।ਉਸ ਅਰਥ ਵਿੱਚ ਅਸੀਂ ਸਭ ਜੀਵਨ ਦੇ ਵਿਦਿਆਰਥੀ ਹਾਂ।

ਇੱਥੇ, ਮੈਂ ਸਵਾਮੀ ਵਿਵੇਕਾਨੰਦ ਦੀਆਂ ਪੰਕਤੀਆਂ ਦਾ ਹਵਾਲਾ ਦੇਣਾ ਚਾਹਾਂਗਾ 'ਉੱਠੋ, ਸਚੇਤ ਹੋ ਜਾਓ ਅਤੇ ਜਦ ਤੱਕ ਉਦੇਸ਼ ਦੀ ਪ੍ਰਾਪਤੀ ਨਾ ਹੋ ਜਾਏ ਰੁਕੋ ਨਾ'।

ਇਮਤਿਹਾਨ ਕਹਿੰਦੇ ਹਨ ਕਿ ਜ਼ਿੰਦਗੀ ਦਾ ਜ਼ਰੂਰੀ ਅੰਗ ਹਨ। ਆਪਣੇ ਸਾਰੇ ਫ਼ਿਕਰ ਪਿੱਛੇ ਛੱਡ ਕੇ ਗਿਆਨ ਲਈ ਕੰਮ ਕਰੋ।ਨਤੀਜਾ ਆਪ ਹੀ ਮਿਲ ਜਾਏਗਾ।

ਅੰਤ ਵਿੱਚ, ਮੈਂ ਤੁਹਾਡੇ ਨਾਲ ਆਪਣਾ ਸਫ਼ਲਤਾ ਦਾ ਫ਼ਾਰਮੂਲਾ ਸਾਂਝਾ ਕਰਨਾ ਚਾਹਾਂਗਾ"ਇੱਛਾ+ ਸਥਿਰਤਾ = ਦ੍ਰਿੜ੍ਹ ਸੰਕਲਪ।ਦ੍ਰਿੜ੍ਹ ਸੰਕਲਪ+ ਸਖ਼ਤ ਮਿਹਨਤ = ਸਫ਼ਲਤਾ "।

ਮੈਨੂੰ ਯਕੀਨ ਹੈ ਕਿ ਤੁਹਾਡੇ ਵਿੱਚੋਂ ਹਰੇਕ ਸਾਡੇ ਦੇਸ਼ ਦੇ ਉਜਲੇ ਭਵਿੱਖ ਵਿੱਚ ਯੋਗਦਾਨ ਦੇਣ ਵਿੱਚ ਸਮਰਥ ਹੈ। ਮੇਰੇ ਸਾਰੇ ਵਿਦਿਆਰਥੀ ਦੋਸਤਾਂ ਨੂੰ ਬਹੁਤ ਸ਼ੁਭ ਕਾਮਨਾਵਾਂ।

ਤੁਹਾਡਾ।



Copyright © 2009 NarendraModi.com